## ਮੈਂ ਨਫ਼ਰਤ ਅਧਾਰਤ ਅਪਰਾਧ ਦੀ ਰਿਪੋਰਟ ਕਿਵੇਂ ਕਰਾਂ?

ਲੋਕਾਂ ਨੂੰ ਨਫ਼ਰਤ ਅਧਾਰਤ ਅਪਰਾਧ ਦੀ ਰਿਪੋਰਟ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਕਿਸੇ ਵੀ ਦੂਜੇ ਅਪਰਾਧ ਦੀ ਰਿਪੋਰਟ ਕਰਨ ਲਈ ਹੁੰਦੀ ਹੈ। ਹੋ ਰਹੇ ਅਪਰਾਧਾਂ ਜਾਂ ਦੂਜੀ ਐਮਰਜੈਂਸੀ ਲਈ, ਤੁਰੰਤ 911 'ਤੇ ਕਾਲ ਕਰੋ। ਅਜਿਹੀਆਂ ਸਥਿਤੀਆਂ ਜੋ ਐਮਰਜੈਂਸੀ ਨਹੀਂ ਹਨ ਜਾਂ ਪਿਛਲੀਆਂ ਘਟਨਾਵਾਂ ਦੀ ਰਿਪੋਰਟ ਆਪਣੇ ਸਥਾਨਕ ਖੇਤਰ ਦੀ ਪੁਲਿਸ ਨੂੰ ਦਿੱਤੀ ਜਾ ਸਕਦੀ ਹੈ। ਪੁਲਿਸ ਅਧਿਕਾਰੀ ਪ੍ਰਤੀਕ੍ਰਿਆ ਦੇਣਗੇ, ਤੁਰੰਤ ਸਹਾਇਤਾ ਪ੍ਰਦਾਨ ਕਰਨਗੇ, ਅਤੇ ਮੁਢਲੀ ਜਾਂਚ ਕਰਨਗੇ। ਜੇਕਰ ਅਪਰਾਧ ਪੱਖਪਾਤ ਜਾਂ ਤਰਫ਼ਦਾਰੀ ਦੁਆਰਾ ਪ੍ਰੇਰਿਤ ਜਾਪਦਾ ਹੈ, ਤਾਂ ਹੇਟ ਕ੍ਰਾਈਮ ਟਾਸਕ ਫੋਰਸ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਸੰਪੂਰਣ ਜਾਂਚ ਕੀਤੀ ਜਾਵੇਗੀ।

ਨਫ਼ਰਤ ਅਧਾਰਤ ਅਪਰਾਧਾਂ ਦੇ ਪੀੜਤ ਢੁਕਵੀਂ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਆਪਣੇ ਸਥਾਨਕ ਖੇਤਰ ਦੇ ਕਮਿਊਨਿਟੀ ਅਫੇਅਰਜ਼ ਅਧਿਕਾਰੀਆਂ ਅਤੇ ਹੇਟ ਕ੍ਰਾਈਮ ਟਾਸਕ ਫੋਰਸ ਦੇ ਸਹਿਯੋਗ 'ਤੇ ਨਿਰਭਰ ਹੋ ਸਕਦੇ ਹਨ। ਇਹ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ ਕਿ ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਦੀ ਸਥਿਤੀ ਉਸ ਨੂੰ ਨਫ਼ਰਤ ਅਧਾਰਤ ਅਪਰਾਧ ਦੀ ਰਿਪੋਰਟ ਕਰਨ ਜਾਂ ਜ਼ਰੂਰੀ ਸੇਵਾਵਾਂ ਨੂੰ ਪ੍ਰਾਪਤ ਕਰਨ ਤੋਂ ਨਹੀਂ ਰੋਕਦੀ ਹੈ। ਐਨ.ਵਾਈ.ਪੀ.ਡੀ. ਹੇਟ ਕ੍ਰਾਈਮ ਟਾਸਕ ਫੋਰਸ ਹਰ ਨਫ਼ਰਤ ਅਧਾਰਤ ਅਪਰਾਧ ਦੀ ਜਾਂਚ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਯਾਦ ਰੱਖੋ।

ਐਨ.ਵਾਈ.ਪੀ.ਡੀ. ਦੇ ਕੋਲ ਅਪਰਾਧ ਦੀ ਰਿਪੋਰਟ ਕਰਨਾ ਜਨਤਕ ਸੁਰੱਖਿਆ ਲਈ ਮਹੱਤਵਪੂਰਨ ਹੁੰਦਾ ਹੈ। ਐਮਰਜੈਂਸੀ ਵਾਲਿਆਂ ਸਥਿਤੀਆਂ ਵਿੱਚ ਤੁਰੰਤ ਸਹਾਇਤਾ ਲਈ 911 'ਤੇ ਕਾਲ ਕਰੋ।

ਐਮਰਜੈਂਸੀ ਨਾ ਹੋਣ 'ਤੇ ਜਾਂ ਪਿਛਲੇ ਅਪਰਾਧਾਂ ਲਈ, ਆਪਣੇ ਸਥਾਨਕ ਖੇਤਰ ਦੀ ਪੁਲਿਸ ਨਾਲ ਸੰਪਰਕ ਕਰੋ ਅਤੇ ਗੁਮਨਾਮ ਤੌਰ 'ਤੇ ਜਾਂਚ ਵਿੱਚ ਸਹਾਇਤਾ ਕਰ ਸਕਣ ਵਾਲੀ ਜਾਣਕਾਰੀ ਪ੍ਰਦਾਨ ਕਰਨ ਲਈ **1-800-577-TIPS 'ਤੇ ਕ੍ਰਾਈਮ ਸਟਾਪਰਜ਼** ਨੂੰ ਫ਼ੋਨ ਕਰਨ ਬਾਰੇ ਵਿਚਾਰ ਕਰੋ।

ਅਪਰਾਧਾਂ ਦੀ ਤੁਰੰਤ ਰਿਪੋਰਟ ਕਰਨ ਦੇ ਨਾਲ, ਤੁਸੀਂ ਇੱਕ ਸੁਰੱਖਿਅਤ ਭਾਈਚਾਰੇ ਵਿੱਚ ਯੋਗਦਾਨ ਪਾਉਂਦੇ ਹੋ ਅਤੇ ਨਿਊਯਾਰਕ ਸਿਟੀ ਦੇ ਨਾਗਰਿਕਾਂ ਅਤੇ ਘੁੰਮਣ ਆਉਣ ਵਾਲੇ ਲੋਕਾਂ ਦੀ ਸੁਰੱਖਿਆ ਅਤੇ ਸੇਵਾ ਪ੍ਰਦਾਨ ਕਰਨ ਲਈ ਐਨ.ਵਾਈ.ਪੀ.ਡੀ. ਦੇ ਮਿਸ਼ਨ ਨੂੰ ਸਹਿਯੋਗ ਪ੍ਰਦਾਨ ਕਰਦੇ ਹੋ।







# ਐਨ.ਵਾਈ.ਪੀ.ਡੀ. ਹੇਟ ਕ੍ਰਾਈਮ ਟਾਸਕ ਫੋਰਸ

## ਨਫ਼ਰਤ ਅਧਾਰਤ ਅਪਰਾਧ ਕੀ ਹੁੰਦਾ ਹੈ?

ਕੋਈ ਵੀ ਅਪਰਾਧ ਜਾਂ ਗੈਰ-ਕਾਨੂੰਨੀ ਕੰਮ ਜੋ ਕਿਸੇ ਵਿਅਕਤੀ ਦੀ ਨਸਲ, ਰੰਗ, ਰਾਸ਼ਟਰੀ ਮੂਲ, ਵੰਸ਼, ਲਿੰਗ, ਲਿੰਗ ਦੀ ਪਛਾਣ ਜਾਂ ਅਭਿਵਿਅਕਤੀ, ਧਰਮ, ਧਾਰਮਿਕ ਚਲਣ, ਉਮਰ, ਅਪਾਹਜਤਾ, ਜਾਂ ਜਿਨਸੀ ਰੁਝਾਨ ਦੇ ਸੰਬੰਧ ਵਿੱਚ ਵਿਸ਼ਵਾਸ ਜਾਂ ਧਾਰਣਾ ਦੇ ਕਾਰਨ ਪੂਰੇ ਜਾਂ ਵੱਡੇ ਹਿੱਸੇ ਵਿੱਚ ਪ੍ਰੇਰਿਤ ਹੈ, ਭਾਵੇਂ ਵਿਸ਼ਵਾਸ ਜਾਂ ਧਾਰਣਾ ਸਹੀ ਹੈ ਜਾਂ ਨਹੀਂ।



## ਐਨ.ਵਾਈ.ਪੀ.ਡੀ. ਹੇਟ ਕ੍ਰਾਈਮ ਟਾਸਕ ਫੋਰਸ

**ਹੇਟ ਕ੍ਰਾਈਮ ਟਾਸਕ ਫੋਰਸ** ਵਿੱਚ ਐਨ.ਵਾਈ.ਪੀ.ਡੀ. ਦੇ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਟੀਮ ਸ਼ਾਮਲ ਹੁੰਦੀ ਹੈ ਜੋ ਉਨ੍ਹਾਂ ਅਪਰਾਧਾਂ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਜੋ ਪੱਖਪਾਤ ਅਤੇ ਤਰਫਦਾਰੀ ਦੁਆਰਾ ਪ੍ਰੇਰਿਤ ਹੋ ਸਕਦੇ ਹਨ।

ਉਨ੍ਹਾਂ ਦਾ ਮੁੱਖ ਟੀਚਾ ਇਨ੍ਹਾਂ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕਰਨਾ ਹੁੰਦਾ ਹੈ। ਆਪਣੇ ਵਿਸ਼ੇਸ਼ ਹੁਨਰ, ਸਿਖਲਾਈ ਅਤੇ ਮੁਹਾਰਤ ਦੀ ਵਰਤੋਂ ਕਰਦੇ ਹੋਏ, ਉਹ ਇਹਨਾਂ ਘਟਨਾਵਾਂ ਦੀ ਡੂੰਘਾਈ ਨਾਲ ਜਾਂਚ ਕਰਦੇ ਹਨ। ਇਸ ਤੋਂ ਇਲਾਵਾ, ਇਹ ਟੀਮ ਨਫ਼ਰਤ ਅਧਾਰਤ ਅਪਰਾਧਾਂ ਦੇ ਬਾਰੇ ਜਾਗਰੂਕਤਾ ਫ਼ੈਲਾਉਣ, ਰੋਕਥਾਮ ਕਰਨ ਅਤੇ ਜਾਣਕਾਰੀ ਪ੍ਰਦਾਨ ਕਰਨ ਲਈ ਭਾਈਚਾਰਕ ਸੰਸਥਾਵਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਦੂਜੀਆਂ ਏਜੰਸੀਆਂ ਨਾਲ ਸਹਿਯੋਗ ਕਰਦੀ ਹੈ। ਨਫ਼ਰਤ ਦਾ ਮੁਕਾਬਲਾ ਕਰਨ ਅਤੇ ਸਾਰਿਆਂ ਲਈ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਟਾਸਕ ਫੋਰਸ ਦਾ ਕੰਮ ਮਹੱਤਵਪੂਰਨ ਹੁੰਦਾ ਹੈ।




## ਬੋਲਣ ਦੀ ਆਜ਼ਾਦੀ ਬਨਾਮ ਨਫ਼ਰਤ ਅਧਾਰਤ ਅਪਰਾਧ

ਅਮਰੀਕਾ ਦੇ ਸੰਵਿਧਾਨ ਵਿੱਚ ਕੀਤਾ ਗਿਆ ਪਹਿਲਾ ਪਰਿਵਰਤਣ ਇਹ ਸੁਨਿਸ਼ਚਿਤ ਕਰਦਾ ਹੈ ਕਿ ਲੋਕ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹਨ, ਚਾਹੇ ਉਹ ਦੂਜਿਆਂ ਲਈ ਕਿੰਨਾ ਵੀ ਅਪਮਾਨਜਨਕ ਕਿਉਂ ਨਾ ਹੋਣ। ਬੋਲਣ ਦੀ ਆਜ਼ਾਦੀ ਅਤੇ ਨਫ਼ਰਤ ਅਧਾਰਤ ਅਪਰਾਧਾਂ ਵਿਚਕਾਰ ਫਰਕ ਕਰਨਾ ਮੁਸ਼ਕਲ ਹੋ ਸਕਦਾ ਹੈ। ਅਪਮਾਨਜਨਕ ਜਾਂ ਨਫ਼ਰਤ ਵਾਲੀ ਭਾਸ਼ਾ ਸੁਰੱਖਿਅਤ ਬੋਲੀ ਹੋ ਸਕਦੀ ਹੈ, ਪਰੰਤੂ ਨਫ਼ਰਤ ਅਧਾਰਤ ਅਪਰਾਧ ਉਦੋਂ ਵਾਪਰਦਾ ਹੈ ਜਦੋਂ ਪੀੜਤ ਦੀ ਸਮਝੀ ਗਈ ਪਛਾਣ ਦੁਆਰਾ ਪ੍ਰੇਰਿਤ ਹੋ ਕੇ ਕੋਈ ਅਪਰਾਧਿਕ ਕੰਮ ਕੀਤਾ ਜਾਂਦਾ ਹੈ। ਉਦਾਹਰਨ ਵੱਜੋਂ, ਹਾਲਾਂਕਿ ਅਪਮਾਨਜਨਕ ਹੋਵੇ, ਕਿਸੇ ਨੂੰ ਕੇਵਲ ਅਪਮਾਨਜਨਕ ਨਾਮ ਨਾਲ ਬੁਲਾਉਣਾ ਜਾਂ ਬਦਨਾਮ ਕਰਨਾ ਬੋਲਣ ਦੀ ਆਜ਼ਾਦੀ ਦੇ ਅਧੀਨ ਆ ਸਕਦਾ ਹੈ। ਹਾਲਾਂਕਿ, ਜੇਕਰ ਕੋਈ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਉਸਦੀ ਨਸਲ ਦੇ ਆਧਾਰ 'ਤੇ ਜ਼ੁਬਾਨੀ ਤੌਰ 'ਤੇ ਨਿਸ਼ਾਨਾ ਬਣਾਉਂਦਾ ਹੈ ਅਤੇ ਅੱਗੇ ਚੱਲਕੇ ਉਸ 'ਤੇ ਹਮਲਾ ਕਰਦਾ ਹੈ, ਤਾਂ ਇਹ ਨਫ਼ਰਤ ਅਧਾਰਤ ਅਪਰਾਧ ਬਣ ਜਾਂਦਾ ਹੈ।

## ਸਰੋਤ

**ਪੀੜਤ ਲਈ ਸੇਵਾਵਾਂ ਦੀਆਂ ਏਜੰਸੀਆਂ**

- ਦ ਨਿਊਯਾਰਕ ਸਿਟੀ ਮੇਅਰਜ਼ ਆਫਿਸ ਆਫ ਵਿਕਟਿਮ ਸਰਵਿਸੇਜ਼
- ਸੇਫ਼ ਹੋਰਾਈਜ਼ਨ

**ਸਲਾਹ ਅਤੇ ਮਾਨਸਿਕ ਸਿਹਤ ਲਈ ਸਹਿਯੋਗ:**

- ਲੀਗਲ ਏਡ ਸੋਸਾਇਟੀ
- ਨਿਊਯਾਰਕ ਕ੍ਰਾਈਮ ਵਿਕਟਿਮਜ਼ ਲੀਗਲ ਨੈੱਟਵਰਕ

**ਸਹਿਯੋਗ ਦੇ ਸਮੂਹ ਅਤੇ ਭਾਈਚਾਰਾ ਸੰਸਥਾਵਾਂ:**

- ਕ੍ਰਾਈਮ ਵਿਕਟਿਮਜ਼ ਟ੍ਰੀਟਮੈਂਟ ਸੈਂਟਰ (ਸੀ.ਵੀ.ਟੀ.ਸੀ.)

NYPD
ਨਿਊਯਾਰਕ ਸਿਟੀ ਪੁਲਿਸ ਵਿਭਾਗ